ਨਾਮਧਾਰੀ ਪ੍ਰਕਾਸ਼

ਲੇਖਕ

ਸੁਰਗਵਾਸੀ ਪੰਥ ਰਤਨ ਪ੍ਰਸਿੱਧ ਕਾਂਗਰਸੀ ਲੀਡਰ,

ਸ੍ਰੀ ਸੰਤ ਨਿਧਾਨ ਸਿੰਘ ਜੀ "ਆਲਿਮ"

—0—0—

ਸ੍ਰ: ਹਰੀ ਸਿੰਘ ਜੀ 'ਭੋਗਲ' (ਸਾਹਲੋਂ ਬੰਗਾ)

ਹਾਲ 'ਮਥਾਲੀ' (ਯੂਗੰਡਾਂ) ਵਲੋਂ

੪੫੦ ਕਾਪੀ ਗੁਰਪੂਰਬ ਦੀ ਖੁਸ਼ੀ ਵਿਚ ਸੰਗਤ ਦੀ ਪ੍ਰੇਮ ਭੇਟਾ

—0—0—

ਕਾਪੀ ਪ੍ਰਕਾਸ਼ਤ :—

ਸੰਤ ਮੋਹਨ ਸਿੰਘ ਸੋਧੀ

ਪਟਿਆਲਾ।

ਕੀਮਤ : ੫੦ ਪੈਸੇ

ਨਾਮਧਾਰੀ ਪ੍ਰਕਾਸ਼

★

ਲੇਖਕ :
ਸੰਤ ਨਿਧਾਨ ਸਿੰਘ ਜੀ "ਆਲਿਮ"

★

੧ੳ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।

ਵਾਕਬੀ

ਨਿਰਮਲ ਪੰਥ ਭੂਸ਼ਨ ਗਿਆਨੀ ਗਿਆਨ ਸਿੰਘ ਜੀ ਉੱਚ ਕੋਟੀ ਦੇ ਵਿਦਵਾਨ, ਚਮਤਕਾਰ ਕਵੀ ਅਤੇ ਸਿਖ ਇਤਿਹਾਸ ਦੇ ਤਕੜੇ ਗਿਆਤਾ ਸਨ । ਸ੍ਵੱਗਯ ਤਾਂ ਕੇਵਲ ਸਤਿਗੁਰੂ ਹੀ ਹਨ, ਪ੍ਰੰਤੂ ਗਿਆਨੀ ਜੀ ਨੇ ਜੋ ਸਿੱਖ ਧਰਮ ਦੀ ਸਾਹਿਤਕ ਤੇ ਇਤਿਹਾਸਕ ਸੇਵਾ ਕੀਤੀ ਹੈ,ਉਸ ਨੂੰ ਸਉਹੇਂ ਰਖ ਕੇ ਕਿਹਾ ਜਾ ਸਕਦਾ ਹੈ,ਕਿ ਉਹ ਖੋਜੀ, ਪੁਰਸ਼ਾਰਥੀ, ਸਾਹਸੀ ਅਤੇ ਲਗਨ ਵਾਲੇ ਸਨ । ਭਾਵੇਂ ਉਹ ਹੋਰ ਵੀ ਕਈ ਪੁਸਤਕਾਂ ਦੇ ਕਰਤਾ ਹਨ, ਪ੍ਰੰਤੂ ਇਤਿਹਾਸਕ ਨੁਕਤਾ ਨਿਗਾਹ ਨਾਲ "ਪੰਥ-ਪ੍ਰਕਾਸ਼" ਉਨ੍ਹਾਂ ਦੀ ਸਰਬੰਪਰੀ ਅਰ ਉਤ-ਕ੍ਰਿਸ਼ਟ ਰਚਨਾ ਹੈ । ਵਿਦਵਾਨਾਂ ਨੂੰ ਸੰਪ੍ਰਦਾਇਕ ਦ੍ਰਿਸ਼ਟੀ ਕੋਣ ਨਾਲ ਉਨ੍ਹਾਂ ਦੀਆਂ ਲਿਖਤਾਂ ਨਾਲ ਮਤ ਭੇਦ ਵੀ ਹੋ ਸਕਦਾ ਹੈ, ਅਤੇ ਇਹ ਵੀ ਸੰਭਵ ਹੈ,ਕਿ ਬਾਜ਼ੇ ਵਾਕਿਆਤ ਨੂੰ ਲਿਖਣ ਲਗਿਆਂ,ਉਨ੍ਹਾਂ ਦਾ ਦਿਲ ਅਪਣੇ ਮਤ ਦੇ ਪ੍ਰਭਾਵ ਹੇਠ ਰਿਹਾ ਹੋਵੇ, ਪ੍ਰੰਤੂ ਇਸ ਵਿਸ਼ਯ ਵਿਚ ਉਨ੍ਹਾਂ ਨੇ ਜਿਸ ਪ੍ਰਿਸ਼ਰਮ ਦਾ ਪ੍ਰਿਚਯ ਦਿਤਾ ਹੈ ਹਰ ਖਿਆਲ ਦੇ ਸਿਖਾਂ ਅਰ ਸਿਖ ਧਰਮ ਬਾਬਤ ਕੁਝ ਜਾਣਨ ਦੇ ਚਾਹਵਾਨਾਂ ਦੀ ਦ੍ਰਿਸ਼ਟੀ ਵਿਚ ਸ਼ਲਾਘਾ ਯੋਗ ਅਤੇ ਵਾਕਫੀ ਭਰਿਆ ਮੰਨਿਆ ਜਾ ਸਕਦਾ ਹੈ। ਪੰਥ ਪ੍ਰਕਾਸ਼ ਦੀਆਂ ੬ ਬੀੜਾਂ ਛਪ ਚੁਕੀਆਂ ਹਨ। ਪਹਿਲੀਆਂ ਤਿੰਨ ਗਿਆਨੀ ਜੀ ਦੇ ਜੀਵਨ ਕਾਲ ਵਿਚ ਅਤੇ ਪਿਛਲੀਆਂ ਤਿੰਨ ਉਨ੍ਹਾਂ ਪ੍ਰਲੋਕਗਾਮੀ ਹੋਣ ਤੋਂ ਪਿਛੋਂ ਛਾਪੀਆਂ ਗਈਆਂ ਹਨ । ਸਮੇਂ ਸਮੇਂ ਅਨੁਸਾਰ ਇਨ੍ਹਾਂ ਅੰਦਰ ਵਾਕਿਆਤੀ ਅਦਲਾ ਬਦਲੀਆਂ ਵੀ ਹੁੰਦੀਆਂ

ਰਹੀਆਂ ਹਨ। ਜਿਨ੍ਹਾਂ ਦਾ ਇਸ ਲੇਖ ਨਾਲ ਸਬੰਧਤ ਤਬਦੀਲੀ ਤੋਂ ਬਿਨਾਂ ਵਰਨਣ ਕਰਨਾ ਇਸ ਥਾਂ ਤੇ ਲੁੜੀਂਦਾ ਨਹੀਂ ਭਾਸਦਾ। ਨਾਮਧਾਰੀ ਪੰਥ ਦਾ ਜ਼ਿਕਰ ਸਭ ਤੋਂ ਪਹਿਲੋਂ ਗਿਆਨੀ ਜੀ ਨੇ੧੯੪੬ ਬਿ: ਵਾਲੀ ਉਸ ਐਡੀਸ਼ਨ ਵਿਚ ਕੀਤਾ ਹੈ, ਜੋ ਸ੍ਰੀ ਅਮ੍ਰਿਤਸਰ ਵਿਖੇ ਪ੍ਰਕਾਸ਼ਿਤ ਹੋਈ ਸੀ। ਕਿਉਂਕਿ ਗਿਆਨੀ ਜੀ ਨੇ ਨਾਮਧਾਰੀ ਸੰਤ ਖਾਲਸਾ ਜੀ ਦੇ ਹਾਲਾਤ ਆਪਣੇ ਅੱਖੀਂ ਦੇਖੇ ਸਨ,ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਆਪਨੇ ਦਰਸ਼ਨ ਵੀ ਕੀਤਾ ਸੀ,ਇਸ ਲਈ ਆਪ ਨੇ ਅਤਿ ਸੰਖੇਪ ਵਿਚ (ਭਾਵ ਕੇਵਲ ੨੮ ਕਵਿੱਤਾ ਵਿਚ) ਨਾਮਧਾਰੀ ਚਿੱਤ੍ਰ ਖਿਚਣ ਵਿਚ ਜੋ ਕੁਸ਼ਲਤਾ ਦਿਖਾਈ ਹੈ, ਉਹ ਨਾਮਧਾਰੀ ਪੰਥ ਦੀ ਦ੍ਰਿਸ਼ਟੀ ਵਿਚ ਪ੍ਰਸ਼ੰਸਾ ਦੀ ਪਾਤ੍ਰ ਹੈ। ਗਲਿਤ ਫ਼ਹਿਮੀ ਦੇ ਕਾਰਨ ਕੁਝ ਵਾਕਿਆਤੀ ਗਲਿਤ ਬਿਆਨੀਆਂ ਦਾ ਹੋ ਜਾਣਾਂ ਕੁਦਰਤੀ ਗੱਲ ਹੈ,ਪ੍ਰੰਤੂ ਸਮੁੱਚੇ ਰੂਪ ਵਿਚ ਗਿਆਨੀ ਜੀ ਨੇ ਨਾਮਧਾਰੀ ਇਤਿਹਾਸ ਦਾ ਸਮੁੰਦਰ ਕਾਵਯ-ਕਲਾ ਦੇ ਛੋਟੇ ਜੇਹੇ ਕੁੱਜੇ ਵਿਚ ਬੰਦ ਕਰਨ ਦਾ ਸ਼ਲਾਘਾਯੋਗ ਜਤਨ ਕੀਤਾ ਹੈ। ਇਤਿਹਾਸਕ ਸਚਾਈ ਨੂੰ ਕਿਸੇ ਪੱਖ-ਪਾਤ ਦੇ ਪਰਦੇ ਹੇਠ ਲੁਕਾਣ ਦੀ ਖੇਚਲ ਤੋਂ ਆਪਨੇ ਬਚਣ ਤਾਂ ਪੂਰਾ ਪ੍ਰਿਸ਼ਰਮ ਕੀਤਾ ਹੈ। ਇਹ ਕਬਿੱਤ ਪੁਸਤਕ ਦੇ ਇਕਹਤ੍ਰਵੇਂ ਬਿਸ੍ਰਾਮ ਵਿਚ ਦਰਜ ਹਨ, ਜਿਨ੍ਹਾਂ ਵਿਚ ਯਾਰ੍ਹਵੇਂ ਗੁਰੂ ਸਤਿਗੁਰੂ ਬਾਲਕ ਸਿੰਘ ਜੀ ਅਰ ਬਾਰ੍ਹਵੇਂ ਪਾਤਸ਼ਾਹ ਸ੍ਰੀ ਸ਼ਤਿਗੁਰੂ ਰਾਮ ਸਿੰਘ ਜੀ ਦੇ ਸ਼ੁਭ ਨਾਵਾਂ ਨੂੰ ਪੂਰਣ ਸਤਿਕਾਰ ਸਹਿਤ ਸਤਿਕਾਰਿਆ ਗਿਆ ਹੈ। ਕਬਿੱਤ ਅੰਕ ੨ ਵਿਚ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਨੂੰ ਈਸ਼ਰ ਅਵਤਾਰ ਮੰਨਿਦਿਆਂ ਹੋਇਆਂ ਤੀਜੇ ਕਬਿੱਤ ਵਿਚ ਏਨੀ ਉਪਮਾਂ ਕੀਤੀ ਗਈ ਹੈ, ਜਿਨੀ ਕਿ ਕਿਸੇ ਈਸ਼ਵਰ ਯਾ ਗੁਰੂ ਅਵਤਾਰ ਦੀ ਕੋਈ ਮੁਸੰਨਫ ਕਰ ਸਕਦਾ ਹੈ। ਹਜ਼ੂਰ ਨੂੰ ਪੈਗੰਬਰਾਂ ਦੇ ਪਾਲਕ, ਅੰਬਰਾਂ ਦੇ ਮਾਲਿਕ ਤੇ ਅਡੰਬਰਾਂ ਦੇ ਤਿਆਗੀ ਦਿਖਾਕੇ ਤਾਂ ਗਿਆਨੀ ਜੀ ਨੇ ਉਸ ਉਚੇ ਮੰਡਲ ਵਿਖੇ ਆਸਨ ਆਸੀਨ ਦਰਸ਼ਾਯਾ ਹੈ,ਜਿਥੇ ਪੈਗੰਬਰ ਵੀ, ਉਨ੍ਹਾਂ

ਦੀ ਪ੍ਰਤਪਾਲਨਾਂ ਦੇ ਮੂਬ ਜ਼ ਨਜਰ ਆਉਂਦੇ ਹਨ । ਕਬਿੱਤ ਨੰਬਰ ੪ ਵਿਚ ਰੱਬੀ ਇਲਹਾਮ ਦੁਆਰਾ ਜਗਤ ਜੀਆਂ ਦੀ ਕਲਿਆਣ ਦਾ ਹੁਕਮ ਅਤੇ ਨਾਲ ਹੀ ਇਹ ਦਰਜ ਹੈ, ਕਿ ਗੁਰੂ ਬਾਲਕ ਸਿੰਘ ਜੀ ਨੂੰ ਦਸਵੇਂ ਪਾਤਸ਼ਾਹ (ਸ੍ਰੀ ਗੁਰੂ ਗੋਬਿੰਦ ਸਿੰਘ) ਨੇ ਦਰਸਨ ਦੇ ਕੇ ਕਿਹਾ, ਕਿ ਮੇਰਾ ਅਵਤਾਰ ਰਾਮ ਸਿੰਘ ਹੋਵੇਗਾ । ਅੱਗੇ ਪੰਜਵੇਂ ਕਬਿੱਤ ਵਿਖੇ ਗਿਆਨੀ ਜੀ ਨੇ ਲਿਖਿਆ ਹੈ ਦਸਮ ਗੁਰੂ ਜੀ ਦੇ ਉਸ ਵਾਕ ਅਨੁਸਾਰ ਹੀ ਸੰਮਤ ੧੮੭੨ ਬਿ: ਸ੍ਰੀ ਮਾਘ ਸੁਦੀ ਪੰਜਵੀਂ ਨੂੰ ਗੁਰ-ਵਾਰ (ਵੀਰ) ਜ਼ਿਲੇ ਲੁਧਯਾਣੇ ਦੇ ਭੈਣੀ ਨਾਵੇਂ ਗ੍ਰਾਮ ਵਿਚ ਬਾਬੇ ਜੱਸੇ ਦੇ ਘਰ ਮਾਤਾ ਸੱਦਾਂ ਦੁਆਰਾ (ਸ੍ਰੀ ਸਤਿਗੁਰੂ) ਰਾਮਸਿੰਘ ਜੀ ਦਾ ਦੋਸ਼-ਨਾਸ਼ਕ ਅਵਤਾਰ ਹੋਇਆ । ਗਿਆਰ੍ਹਵੇਂ ਕਬਿੱਤ ਵਿਚ ਦਸਿਆ ਹੈ ਕਿ ਵੀਹ ਕੁ ਬਰਸ ਤਪ ਕਰਨ ਉਪ੍ਰੰਤ (ਸ੍ਰੀ ਸਤਿਗੁਰੂ) ਰਾਮਸਿੰਘ ਜੀ ਨੂੰ ਅਕਾਸ਼ਬਾਣੀ ਦੁਆਰਾ ਅਕਾਲ ਪੁਰਖ ਦਾ ਹੁਕਮ ਹੋਇਆ ਕਿ ਜਗਤ ਦਾ ਕਲਿਆਣ ਕਰੋ । ਬਾਰ੍ਹਵੇਂ ਕਬਿੱਤ ਵਿਚ ਇਸ ਗੱਲ ਦਾ ਸਪਸ਼ਟ ਵਰਨਨ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪਰਮੇਸਵਰ ਦੇ ਹੁਕਮ ਅਨੁਸਾਰ ਜੀਆਂ ਨੂੰ ਨਾਮ ਦਾਨ ਦੇਣਾ ਅਰੰਭ ਕੀਤਾ । ਅਫੀਮ, ਭੰਗ ਪੋਸਤ, ਸ਼ਰਾਬ, ਮਾਸ ਤੇ ਚੋਰੀ ਆਦਿ ਛੁਡਾ ਕੇ ਪਾਮਰਾਂ ਨੂੰ ਸੰਤ ਬਣਾ ਦਿਤਾ । ਹੁਕਈਆਂ ਦੇ ਹੁਕ ਛੁਡਵਾਏ, ਤੇ ਮੋਨਿਆਂ ਨੂੰ ਕੇਸ ਰਖਵਾ ਕੇ ਅੰਮ੍ਰਿਤ ਛਕਾਇਆ । ਉਪਦੇਸ਼ ਦਾ ਅਜੇਹਾ ਅਸਰ ਹੋਇਆ ਕਿ ਅਨੇਕਾਂ ਪੁਰਸ਼ ਕੁਕਰਮਾਂ ਨੂੰ ਤਿਆਗ ਕੇ ਦੇਵਤੇ ਬਣ ਗਏ ਤੇ ਇਸ਼ ਤਰ੍ਹਾਂ (ਸਤਿਗੁਰੂ ਰਾਮ ਸਿੰਘ ਜੀ ਦੀ ਕਿਰਪਾ ਨਾਲ ਕਲਿਜੁਗ ਅੰਦਰ) ਸਤਿਜੁਗ (ਦਾ ਪਹਿਰਾ) ਆਗਿਆ । ਛੇਕੜਲੇ ਕਬਿਤ ਵਿਚ ਕੂਕਿਆਂ ਨੂੰ ਦਸਵੇਂ ਗੁਰੂ ਜੀ ਦੇ ਸਾਦਕ ਸਿਖ ਦਸਦਿਆਂ ਹੋਇਆਂ ਗਿਆਨੀ ਜੀ ਨੇ ਲਿਖਿਆ ਹੈ :—ਸੁਕਲ ਬਸਨ ਮਾਲਾ, ਸੂਧੀ ਦਸਤਾਰ ਡਾਢੀ, ਕਰੇ ਹੈਂ ਹਮਨ ਪਾਠ ਗ੍ਰੰਥ ਗੁਰੂ ਜੂ ਕੋ ਹੈ । ਦਸਮੇਂ ਗੁਰੂ ਕੇ ਸਿਖ ਸਾਦਕ ਸਹੀ ਹੈਂ ਸਬ, ਲਾਲਸਾ ਬਿਸਾਲ ਰਾਜ ਲੈਬੇ ਕੀ ਅਚੂਕੇ ਹੈਂ ।

ਹੇਰੇ ਜੈਸੇ ਲੱਖਨ ਹੈਂ ਟੇਰੇ ਤੈਸੇ ਗਿਆਨ ਸਿੰਘ, ਐਸੇ ਪਰਸਿੱਧ ਹੀ ਅਬਿਧ ਸਿਖ ਕੂਕੇ ਹੈਂ।"

ਏਥੇ ਏਸ ਗੱਲ ਦਾ ਜਿਕਰ ਕਰਨਾ ਬੜਾ ਜ਼ਰੂਰੀ ਹੈ ਕਿ ਨਾਮ-ਧਾਰੀ ਪੰਥ ਦੇ ਇਨ੍ਹਾਂ ਇਤਿਹਾਸਕ ਅਤੇ ਪ੍ਰਸੰਸਕ ਕਬਿਤਾਂ ਨੂੰ ਪੱਲੀ ਐ.ਡਕੋ.ਪ੍ਰੈਸ ਵਿਚ ਛਾਪੀ ਗਈ ਪੰਥ ਪ੍ਰਕਾਸ਼ ਦੀ ਚੌਥੀ ਐਡੀਸ਼ਨ ਵਿਚ ਹੋਰ ਰੂਪ ਦੇ ਦਿਤਾ ਗਿਆ। (੧) ਜਿਥੇ ਪੂਰਵੋਕਤ ਐਡੀਸ਼ਨ ਵਿਚ ਇਨ੍ਹਾਂ ਦੀ ਗਿਣਤੀ ੨੮ ਸੀ,ਉਥੇ ਇਸ ਐਡੀਸ਼ਨ ਵਿਚ੧੦ਕਰ ਦਿਤੀ ਗਈ। (੨)ਜਿਸ ਕਬਿਤ ਵਿਚ ਗੁਰੂ ਬਾਲਕ ਸਿੰਘ ਜੀ ਦੇ ਇਲਹਾਮ ਅਤੇ ਉਨ੍ਹਾਂ ਨੂੰ ਦਸਵੇਂ ਪਾਤਸ਼ਾਹ ਦਾ ਦਰਸ਼ਨ ਦੇ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਅਵਤਾਰ ਹੋਣ ਬਾਬਤ ਭਵਿੱਖਤ ਵਾਕ ਦਾ ਵਰਨਨ ਸੀ, ਉਹ ਉਕਾ ਹੀ ਕਢ ਦੀਤਾ ਗਿਆ। (੩) ਗਿਆਨੀ ਜੀ ਦੇ ਕਥਿੱਤ ਤੋੜ-ਮਰੋੜ ਅਰ ਉਨ੍ਹਾਂ ਵਿਚ ਵਾਧਾ ਘਾਟਾ ਕਰਕੇ ਛਾਪੇ ਗਏ।

ਭਾਵੇਂ ਏਨ੍ਹਾਂ ਤੋੜੇ ਮਰੋੜੇ ਅਰ ਬਦਲੇ ਹੋਏ ਕਬਿਤਾਂ ਵਿਚੋਂ ਵੀ ਸ੍ਰੀ ਗੁਰੂ ਬਾਲਕ ਸਿੰਘ ਜੀ ਤੇ ਸਤਿਗੁਰੂ ਰਾਮ ਸਿੰਘ ਜੀ ਦਾ ਗੁਰੱਤ੍ਵ ਝਲਕ ਮਾਰਨ ਤੋਂ ਬਿਨ੍ਹਾਂ ਨਹੀਂ ਰਹਿੰਦਾ, ਪਰ ਇਤਿਹਾਸ ਦੀ ਹਕੀਕਤ ਨੂੰ ਸੁਦਾਈ ਤੇ ਨਾਮ ਤੇ ਰੂਪੋਸ਼ ਕਰ ਦੇਣ ਦਾ ਇਰਾਦਾ ਰੱਖਣ ਵਾਲੇ ਬਾਜੇ ਸਜਨਾਂ ਵਲੋਂ ਇਸ ਗਲ ਦਾ ਅੰਦੇਸ਼ਾ ਹੈ, ਕਿ ਇਨ੍ਹਾਂ ਕਬਿੱਤਾਂ ਦਾ ਉਕਾ ਹੀ ਅਭਾਵ ਕਰਨ ਦਾ ਜਤਨ ਕੀਤਾ ਜਾਵੇ। ਏਸ ਖਿਆਲ ਨੂੰ ਮੁਖ ਰਖ ਕੇ ਕਈ ਸਾਲ ਹੋਏ ਮੈਂ ਇਸ ਅਸਲੀ ੨੮ ਕਬਿਤ "ਨਾਮਧਾਰੀ ਪ੍ਰਕਾਸ਼" ਦੇ ਨਾਮ ਹੇਠ ਛਪਵਾਏ ਸਨ ਤੇ ਹੁਣ ਇਨ੍ਹਾਂ ਨੂੰ ਮੈਨੇਜਰ "ਸਤਿਜੁਗ" ਸ੍ਰੀ ਭੈਣੀ ਸਾਹਿਬ ਪ੍ਰਕਾਸਿਤ ਕਰ ਰਹੇ ਹਨ, ਤਾਂ ਕਿ ਇਹ ਸੁਰਖਸ਼ਿਤ ਰਹਿ ਸਕਣ, ਅਤੇ ਪੰਥ ਇਨ੍ਹਾਂ ਦੇ ਵਧ ਤੋਂ ਵਧ ਪ੍ਰਚਾਰ ਦੁਆਰਾ ਲਾਭ ਪ੍ਰਾਪਤ ਕਰ ਸਕੇ। ਤ੍ਰੀਕ ੧੦ ਫਗਣ ਸੰਮਤ ੨੦੦੦ (ਸ੍ਰੀ ਅੰਮ੍ਰਿਤਸਰ ੨੧-੨-੧੯੪੪)

(ਸਹੀ) ਨਿਧਾਨ ਸਿੰਘ "ਆਲਿਮ"

ਨਾਮਧਾਰੀ ਪ੍ਰਕਾਸ਼

ਕਬਿੱਤ—

ਪੰਥ ਖਾਲਸੇ ਮੈ ਏਕ ਸ਼ਾਖ ਕੂਕੇ ਸਿੰਘਨ ਕੀ,
ਤੀਸਕ ਬਰਸ ਤੈ ਜੋ ਬਿਦਤੇ ਮਹਾਨ ਹੈਂ ।
ਸ਼ਬਦ ਕੀ ਮਸਤੀ ਮੈ ਹਾਲ ਤੇ ਬਿਹਾਲ ਹੋਏ
ਸਿਰਤੇ ਉਤਰ ਜਾਤ ਦਸਤਾਰ ਤਾਨ ਹੈਂ ।
ਸਹੀ ਨਾਮ 'ਨਾਮਧਾਰੀ' ਆਹਿ ਤਿਨਕਾ ਉਦਾਰੀ,
ਕੂਕ ਮਾਰਨੇ ਤੈ 'ਕੂਕੇ' ਜਗਤ ਬਖਾਨ ਹੈ ।
ਏਕ ਦਸਤਾਰ ਕੇ ਉਤਾਰ ਬਿਨੁ ਔਰ ਰੀਤਿ,
ਚਾਹੀਯਤ ਜੈਸੀ, ਤੈਸੀ ਤਿਨ ਮੈ ਪ੍ਰਧਾਨ ਹੈ ।

੧

ਭਏ ਕੂਕੇ ਜੈਸ ਅਬ ਸੁਨ ਲੇਹੁ ਤੈਸ ਸਭ,
ਰਾਜ ਸਿੰਘੀ ਥੈਸ ਜਬ ਦੇਸ ਏਸ ਸਾਵਤੈਂ ।
ਅਟਕ ਦਰਯਾਓ ਤਟ ਛੋਈ ਨਾਮ ਗਾਮ ਮਾਹਿ,
ਪੌਨਹਾਰ ਦੇਸ ਮਾਹਿ ਸਮ ਅਮਰਾਵਤੈਂ ।
ਸੰਮਤ ਅਠਾਰਾਂ ਸੈ ਛਿਪੰਜਾ * ਮੈ ਬਾਲਕ ਸਿੰਘ,
ਭਯੋ ਅਵਤਾਰ ਤਹਿੰ ਈਸ ਅੰਸ ਭਾਵ ਤੈਂ ।
ਜਾਤਿ ਕਾ ਅਰੋੜਾ ਭਯੋ ਜਗਤ ਅਮੋੜਾ,
ਨਾਮਜਪਿਓ ਨ ਥੋੜਾ, ਛੋੜਾ ਵਿਸ਼ੈ ਰਸਯਾਵਤੈਂ ।

੨

---

*ਚਕਰਵਰਤੀ ਜੀ ਨੇ ੧੮੪੧ ਸਹੀ ਲਿਖਿਆ ਹੈ ।

ਨਾਮ ਸਿੰਘ ਬਾਲਕ, ਪੈ ਪਾਲਕ ਪਿਗੰਬਰੋਂ ਕੇ,
ਐਂਬਰੋਂ ਕੇ ਮਾਲਿਕ ਅਡੰਬਰੋਂ ਕੇ ਤਯਾਗੀ ਹੈਂ।
ਤਾਲਕ ਰਖੈਂ ਹੈਂ ਏਕ ਖਾਲਕ ਮੈਂ ਸਾਲਕ ਸੋ,
ਗਾਲਕ ਬਿਕਾਰਨ ਕੇ ਚਾਲਕ ਵਿਰਾਗੀ ਹੈਂ।
ਗੋਦੀ ਰਾਖੀ ਘਟਦੀਪ ਜਿਮ ਨਿਜ ਅਜਮਤ,
ਸ਼ਜਮਤ ਭਕਿਤ ਵਿਰਕਿਤ ਅਦਾਗੀ ਹੈਂ।
ਕੀਰਤਨ, ਕਥਾ, ਸਤਸੰਗ, ਜਥਾ ਜੰਗ ਤਥਾ,
ਰਾਖਤ ਥਾ ਭਾਖਤ ਥਾ ਭਜਨ ਸਜਾਗੀ ਹੈਂ।

੩

ਸੰਮਤ ਪਚਾਸੀਏ ਮੈ ਹਜਰੋਂ ਗਰਾਮ ਮਾਂਹਿ,
ਭਾਈ ਤਾਂਹਿ ਕੇ ਦੁਕਾਨ ਆਇ ਤਹਾ ਜੋ ਕਈ।
ਯਾਹਿ ਹੇਤ ਬਾਲਕ ਮ੍ਰਿਗੇਸ ਭੀ ਬਸੇਸ ਤਹਾਂ,
ਆਇਕੈ ਨਿਵਾਸ ਕੀਨ ਕ੍ਰਿਤ ਕਰਕੇ ਖਈ।
ਤਾਂਹਿ ਕੇ ਪ੍ਰਤਾਪ ਕਰ ਹਜਰੋਂ ਅਮਾਪ ਵਰ,
ਭਯੋ ਸਮ ਔਧ ਤਰ ਮੰਦਤਾ ਬਿਲੈ ਗਈ।
ਭਯਲੋਗ ਬਡਭਾਗੀ, ਭਗਤੀ ਮੈਂ ਮਤਿ ਪਾਗੀ,
ਸੰਤ ਸੰਤ ਮਾਹਿ ਜਾਗੀ, ਸੰਤ ਸੇਵ ਹੂੰ ਠਈ।

੪

ਬਾਲਕ ਮ੍ਰਿਗੇਸ ਤੈ ਵਸ਼ੇਸ਼ ਉਪਦੇਸ਼ ਨਾਮ,
ਯਦੀ ਨਰਨਾਰੀ ਲੈ ਅਪਾਰੀ ਭਵ ਤੈ ਤਰੇ।
ਔਰ ਇਲਹਾਮ ਕਰਤਾਰ ਕਈ ਬਾਰ ਦਇਓ—
'ਨਾਮ ਹੈ ਉਧਾਰ ਕਰ ਜੀਵਨ ਕਾ ਤੂੰ ਖਰੇ।"
ਐਪੈ ਗੁਰ ਦਸਮ ਦਰਸ ਦੈ ਜ ਕਹਿਓ ਤਾਂਹਿ,
"ਮੇਰੋ ਅਵਤਾਰ ਅੰਸ ਰਾਮ ਸਿੰਘ ਹ੍ਵੈ ਭਰੇ।

ਯਾਂਹੀ ਹੇਤ, ਤਾਂਹਿ, ਨਾਂਹਿ ਔਰ ਕਾਂਹਿ ਮਾਂਹਿ,
ਨਿਜਸਕਤਿ ਰਖਾਈ ਗੁਰੂਵਾਕ ਦਿਢਬੇ ਧਰੇ।

੨

ਸੋਈ ਨੋਤੀ ਫੁਰੀ ਆਇ ਸੰਮਤ ਬਹਤਰੇ ਮੇ,
ਮਾਘ ਸੁਦੀ ਪੰਚਮੀ ਸਵੇਰੇ ਗੁਰਵਾਰ ਕੈ।
ਜਿਲੇ ਲੁਦਿਆਣੇ, ਗਾਮ ਭੈਣੀ ਜਾਣੇ ਆਮ,
ਅਵਤਰੇ ਸਿੰਘ ਰਾਮ ਕਲ ਮਲੋ ਟਾਰ ਕੈ।
ਜਾਤਿ ਤਰਖਾਨ, ਜੱਸੇ ਨਾਮ ਪਰਚਾਰ ਕੈ।
ਸਦਾਂ ਮਾਤ ਸੰ ਪ੍ਰਕਾਸੇ ਨਾਮ ਪ੍ਰਚਾਰ ਕੈ।
ਬਾਲਕ ਹੀ ਪਨ ਮੈਂ ਥੇ ਈਸ੍ਵਰ ਨਾਮ ਕੋ ਮਨਸੇ ਥੇ,
ਧਯਾਵਤੇ ਸਗਨ ਸੈਂ ਥੇ ਜਨੋ ਕੇ ਸੁਧਾਰ ਕੈ।

੩

ਬਡੇ ਬਾਇ ਜਾਇਕੈਂ ਲਹੌਰ ਪਲਟਨ ਮਾਂਹਿ,
ਠਾਨ ਲੀਨ ਨੌਕਰੀ ਪਛਾਨ ਕੈ ਸੁਕ੍ਰਿਤ ਹੈ।
ਬਾਨੀ ਗੁਰੂ ਕੀ ਪਢੈ ਹੈਂ, ਭਜਨ ਕਰੈਹੈਂ ਚੈਹੈਂ,
ਗਹਿਨੋ ਇਕੰਤ, ਦੈਹੈਂ ਆਜਜੋਂ ਕੋ ਬਿੱਤ ਹੈ।
ਸੰਮਤ ਅਠਾਰਾਂ ਸੌ ਅਠਾਨਵੈਂ ਮੈ ਪਲਟਨ,
ਗਈ ਥੀ ਸੇ ਹਜਰੋ ਮੈ ਰਾਜ—ਕਾਜ ਹਿਤ ਹੈ।
ਮਿੱਤਨ ਕੇ ਮਿਲਬੇ ਕਾ ਸ਼ੌਕ ਥਾ ਮਹਾਨ,
ਰਾਮ ਸਿੰਘ ਦਰਸਾਤੇ ਯਾਂਤੇ ਜਾਇਜਿਤ ਕਿਤ ਹੈਂ।

੪

ਬਾਲਕ ਮ੍ਰਿਗੇਸ ਕਾ ਬਸੇਸ ਜਸ ਸੁਨ ਸੋਊ,
ਕੇਵਲ ਬਤੁਕ ਸੁਤ ਸਮ ਹੁਲਸਾਇਕੈ।
ਪੂਰਾ ਪੁੰਨਯ ਪੁੰਜ ਜਾਗਯੋ ਰੰਗਨ ਮੈ ਖੂਬ ਰਾਂਗਿਓ,

ਬਡਭਾਗੀ ਪ੍ਰੇਮ ਪਾਗਯੋ ਗਹੇ ਪਗ ਜਾਇਕੈ ।
ਪੇਖ ਅਧਿਕਾਰੀ ਈਸ ਅੰਸ ਅਵਤਾਰੀ ਤਬ,
ਬਾਲਕ ਮ੍ਰਿਗਾਰੀ ਦਿਓ ਨਾਮ ਮੁਦ ਧਾਇਕੈ ।
ਸਾਰ ਚਾਰ ਬੇਦਨ ਕੋ, ਭ੍ਰਮ ਭੇਦ ਛੇਦਨ ਕੋ,
ਦਾਇ ਨਿਰਵੇਦਨ ਕੋ ਦੇਖ ਦੁਖ ਘਾਇਕੈ ।

੮

ਦੀਓ ਮੰਤ੍ਰ-ਰਾਜ ਸ੍ਰੀ ਵਾਹਿਗੁਰੂ ਕਾਜ ਸਾਜ,
ਜਾਂਹਿ ਸਮ ਔਰ ਨ ਦਰਾਜ਼ ਫਲ ਦਾਇਕੈ ।
ਕੋਊ ਜੁ ਕਹਿਤ ਥੇ ਕਲਾਮ ਦੀਨੀ ਸੱਯਦਾਨੀ,
ਸੋਊ ਸਬ ਕੂਰ ਹਮ ਪੇਖਯੋ ਅਜ਼ਮਾਇਕੈ ।
ਏਹੀ ਕਲੀਕਾਲ ਕੀ ਕਰਾਲਤਾ ਕੁਚਾਲਤਾ ਕੋ,
ਗਾਲਤਾ ਹੈ, ਟਾਲਤਾ ਚੁਰਾਸੀ ਜੋਨਿ ਮਾਇਕੈ ।
ਏਸ ਹੀ ਭਜਨ ਮਾਂਹਿ ਰਾਮ ਸਿੰਘ ਸਊਂ ਛਾਹਿ,
ਲਾਈ ਲਿਵ ਅਧਕਾਹਿ ਰਸਨਾ ਕਿਲਾਇਕੈ ।

੯

ਕਾਰ ਬਾਰ ਜਗਕੇ, ਅਸਾਰ ਲਖ, ਡਾਰ ਸਬ,
ਧਾਰ ਸੁ ਅਚਾਰ ਔ ਵਿਚਾਰ ਵੀਚ ਰਹਿ ਹੈ ।
ਮਸਤ ਸ਼ਰਾਬੀ ਜਯੋਂ, ਰਹਾਬੀ ਬ੍ਰਿਤਿ ਏਕਰਸ,
ਦਾਬੀ ਦਿਲਗੀਰੀ ਫਾਬੀ ਖੁਸੀ ਤੇ ਅਚਹਿ ਹੈ ।
ਰੋਧ ਕਰ ਇੰਦ੍ਰੀ, ਨਿਰੋਧ ਮਨ ਕੋ ਪ੍ਰਬੋਧ,
ਸੋਧ ਸੁੱਧ ਠੌਰ ਨਦੀ ਸਰ ਤਟ ਬਹਿ ਹੈ ।
ਜੀਹ ਨਾਮ ਜਪ ਮਾਂਹਿ, ਤਨ ਤਾਯੋ ਤਪ ਮਾਂਹਿ,
ਮਨ ਮਹਿਬੂਬ ਮਾਂਹਿ ਖੂਬ ਰਾਖਯੋ ਗਹਿ ਹੈ ।

ਬੀਸਕ ਬਰਸ ਜਬ ਸਰਸ ਬਿਤਾਇ ਐਸ,
ਬੰਦਗੀ ਜ਼ੁਹਦ ਜਾਪ ਕੀਨੇ ਮਨ ਲਾਇਕੈ ।
ਦਾਸੀ ਜੋਊ ਨਾਮ ਕੀ, ਪ੍ਰਕਾਸੀ ਰਿਧਿ ਸਿਧਿ ਸੋਊ,
ਭਾਸੀ ਬਾਣੀ ਮੈ ਤਾਸੀਰ ਭਜਨ ਪ੍ਰਭਾਇਕੈਂ।
ਭਈ ਤੋ ਅਕਾਸ ਬਾਨੀ ਖਾਸ ਯੌਂ ਮਹਾਨੀ ਤਾਹਿ,
'ਦੇਹੁ ਨਾਮ ਜੀਵਨ ਕੋ, ਸੀਖ ਭੇਗ ਦਾਇਕੈ ।
ਪੰਥ ਗੁਰੂ ਦਸਮ ਕੀ ਰਸਮ ਬਢਾਵੇ ਜਗ,
ਖਸਮ ਕਾ ਖਾਲਸਾ ਹੈ ਖਾਸ ਯੋ ਲਖਾਇਕੈ ।

੧੧

ਪਾਇ ਏਹ ਹੁਕਮ ਪ੍ਰਮੇਸ ਕਾ ਬਿਸੇਸ ਫਿਰ,
ਰਾਮ ਮ੍ਰਿਗੇਸ ਉਪਦੇਸ ਦੇਨ ਲਾਗਿਓ ।
ਹੁੱਕੇ—ਛੁਡਵਾਏ, ਰਖਵਾਏ ਕੇਸ ਮੋਨਿਓਂ ਕੇ;
ਸੁਧਾ ਛਕਬਾਏ, ਸਿਖ ਭਾਗ ਜਿਨੈ ਜਾਗਿਓ ।
ਫੈਲਯੋ ਜਸ ਭਾਰੀ, ਸਿੱਖ ਬੀਏਤਾਹਿ ਕੇ ਅਪਾਰੀ,
ਸਿੰਘ ਪੰਥ ਬਿਰਧਾਇਓ, ਨਾਮ ਰਸਪਾਗਿਓ ।
ਫੀਮ, ਭੰਗ ਪੋਸਤ, ਸ਼ਰਾਬ, ਮਾਸ, ਚੋਰੀ, ਯਾਰੀ;
ਠੱਗੀ ਤਜ ਥੀਏ ਸੰਤ, ਸਤਿਜੁਗ ਆਗਿਓ।

੧੨

ਕਰਤੇ ਦੁਕਾਨ ਲੋਹੇ ਕਪੜੇ ਕੀ ਰਾਮ ਸਿੰਘ,
ਤਾਤੇ ਨਫਾ ਪਾਇ ਜੋਊ ਆਪ ਪੈਨੇ ਖਾਇ ਹੈ ।
ਸੰਗਤ ਅਪਾਰ ਆਵੈ; ਦ੍ਵਾਰ ਪੈ ਰਹਾਵੈ ਭੀਰ,
ਪੂਜਾ ਜੋ ਜੜ੍ਹਾਵੈ; [illegible] ਤੋ ਲੰਗਰ ਮੇਂ ਪਾਇ ਹੈ ।
ਲੈ ਹੈਂ ਜੋਊ ਨਾਮ ਆਏ, ਸੋਊ ਤੋ ਸਸਤ ਥਾਇ;
ਦਸਤਾਰ ਡਾਰ ਦਾਇ; ਹਾਲ ਚੜ੍ਹ ਜਾਇ ਹੈ ।

ਦੇਤ ਭੇਤ ਨਾਹਿ ਕਾਹਿ, ਕਬੀ ਦੂਸਰੇ ਕੋ ਵਾਹਿ,
ਯਾਹਿ ਤੈਂ ਕਲਾਮ ਬਹੁ ਲੋਗ ਸੋ ਬਤਾਇ ਹੈ ।

੧੩

ਦੇਸਨ ਮੈਂ ਧੂਮ ਮਾਚੀ, ਸਾਚੀ ਇਮ ਤਾਂਹਿ ਤਬ,
ਆਵੈਂ ਲੋਗ, ਸਿੱਖ ਥਾਵੈਂ, ਅਜਮਾਵੈਂ ਤੇਸ ਹੀ ।
ਮਾਲਵੇ. ਦੁਆਬੇ, ਮਾਝੇ, ਪੱਠੋਹਾਰ ਤੇ ਅਪਾਰ,
ਥੀਏ ਸਿਖ ਬੇ ਸੁਮਾਰ ਤੀਨ ਲਾਖ ਐਸ ਹੀ ।
ਸੂਬੇ ਕੀਨੇ ਬਾਈ ਤਿਨ, ਅਕਬਰ ਸਾਹ ਨਿਆਂਈ,
ਉਨਕੀ ਜੁਬਾਨ ਮੈ ਤਸੀਰ ਥਾਈ ਵੇਸ ਹੀ।
ਨਰ ਨਾਰਿ ਸਬਦ ਅਪਾਰ ਪਢੈਂ ਗੁਰੂ ਕੇਰ,
ਢੋਲਕੀ ਬਜਾਇ ਬਾਂਧ ਜੋਟੀਆ ਅਛੋ ਸਹੀ।

੧੪

ਹਮਨ ਕਹੈਂ ਹੈਂ, ਭੋਗ ਗ੍ਰਥਜੀ ਕੇ ਪੈਹੈਂ ਬਹੁ,
ਸੰਗਤੋਂ ਕੇ ਕੰਠ ਥੈ ਹੈਂ ਹੈ ਹੈ ਰਚਨਾ ਲਗੀ ।
ਇਸਨਾਨ ਕਰ ਹੈਂ ਸਕੇਸ ਵੇਸ ਰਾਤ ਹੀ ਤੇ;
ਵਾਹਿਗੁਰੂ ਨਾਮ ਮਾਹਿ ਰਾਖੈਂ ਰਸਨਾ ਪਗੀ ।
ਰਾਖ ਹੈਂ ਪੁਸਾਕ ਪਾਕ ਸੁਕਲ ਉਰਣ ਮਾਲ,
ਕੱਛ, ਕੜਾ; ਕ੍ਰਦ ਮੂੜ, ਨਾਰਿ ਸਭ ਜੇਤਗੀ ।
ਬਿਨਾ ਨਾਮਧਾਰੀ ਅੰਨ; ਜਲ; ਰੋਟੀ, ਬੇਟੀ ਵਾਰੀ,
ਸਾਂਝ ਰਾਖਹੈਂ ਨ ਕਾਹੂੰ ਸੰਗ ਜਗ ਮੈ ਸਗੀ ।

੧੫

ਦੇਵ–ਥਾਨ, ਤੀਰਥ, ਪੁਰਾਨ; ਸਾਧੂ; ਬਿਪ੍ਰੰ ਕੋ,
ਮਾਨਹੈਂ ਨ ਦਾਨ ਪੁੰਨ ਦੇਤ ਔਰ ਕੇ ਕਬੀ ।
ਆਪਸ ਮੇ ਦੇਤ ਲੇਤ ਹੈਂ ਸਹੇਤ ਸਾਕ ਨਾਤਾ;

ਰਾਜ ਲੈਣ ਕੇਰੀ ਇੱਛਯਾ ਮਨ ਸਬਕੇ ਫਬੀ ।
ਮਰਣੇ ਔ ਪਰਣੇ ਮੈ ਬਿਪ੍ਰੈਂ ਬੁਲਾਵੈਂ ਨਾਹਿ;
ਆਨੰਦ ਪੜ੍ਹਾਵੈਂ ਰੀਤਿ ਗੁਰੂ ਘਰ ਕੀ ਲਭੀ ।
ਰਾਮ ਸਿੰਘ ਹੀ ਕੋ ਸਤਿਗੁਰੂ ਅਵਤਾਰ; ਪੀਰ;
ਜਾਨੈ ਜੋ ਬਖਾਨੈਂ ਵਾਹਿ ਸੋਊ ਮਾਨ ਹੈ ਸਭੀ ।

[੧੬

ਹੋਰ ਏਹੁ ਚਾਲ ਥੀਏ ਬਿੱਪਰ ਬਿਸਾਲ ਦੁਖੀ;
ਨਿੰਦਿਆ ਉਚਾਰੇਂ ਹਿੰਦੂ; ਤੁਰਕ ਅਪਾਰੇ ਹੈਂ ।
ਕਾਰਨ ਦਰਸ, ਗੁਰਦ੍ਵਾਰਨ ਸਿਧਾਰਨ ਜੋ,
ਸਬਦ ਉਚਾਰਨ ਡਾਂਹਨ ਦਮਤਾਰੇ ਹੈ ।
ਹੋਰ ਕੋ ਪੁਜਾਰੇ; ਭਾਰੇ ਦੁਖੀ ਹੈ ਉਚਾਰੇ ਗਾਰੇਂ,
ਸ਼ਰਾ ਮਨਵਾਹਿ, ਉਨਕੀ ਨ ਧਾਰੇ ਹੈਂ ।
ਜੌਂ ਹੀ ਰੈ ਹੈ ਰੌਰਾ ਗੋਰਾ ਕੂਕਯੋਂ ਕਾ ਦੇਸਨ ਮੈਂ,
ਬਾਢੇ ਅਤਿ ਭਾਰੇ ਹਿੰਦੂ ਤੁਰਕਨ ਤੇ ਨਿਆਰੇ ਹੈਂ।

੧੭

ਰਾਮ ਸਿੰਘ ਜਾਇਜਿਤ; ਸਿੱਖ ਹੈ ਹਜਾਰੋਂ ਤਿਤ;
ਭੇਟ ਦੇ ਹੈਂ ਪੀਨ ਧਨ; ਦੀਨ ਬੋਲ ਬੈਨ ਹੈਂ ।
ਦਮਦਮੇ ਸਾਹਿਬ ਮੁਕਤਸਰ ਮੇਲਯੋਂ ਮੈਂ;
ਗਯੋ ਜਬ ਥਯੋ ਦਲ ਤਾਂਹਿ ਸੰਗ ਐਨ ਹੈਂ ।
ਹੋਰ ਕੋ ਅਰੂਜ ਤੇ ਨਸੂਜ ਤਬ ਤਾਂਹਿ ਬਡ,
ਹਾਕਮ ਪੁਜਾਰੀ, ਭਾਰੀ ਥੀਏ ਬਿਨ ਚੈਨ ਹੈਂ ।
ਡਿਪਟੀ ਕਮਿਸਨਰ; ਕੋਟਵਾਲ; ਥਾਨੇਦਾਰ;
ਰੈਹੈਂ ਪੇਸਵਾਈ ਮਾਂਹਿ ਤਾਂਹਿ ਕੇਸ-ਸੈਨ ਹੈਂ ।

੧੮

ਅਦਬ, ਹਿਫਾਜ਼ਤ, ਇਨਤਜਾਮ ਰਾਖੈਂ ਵਾਹਿ,
ਲੋਗ ਨਿਜ ਨਿਜ ਮਨ ਭਾਇ ਬੰਲਬੋ ਕਰੈਂ।
ਰਾਮਸਿੰਘ ਚਾਹਿ ਅਰਦਾਸ, ਇਤਫਾਕ ਬਾਇ,
ਬਢ ਹੈ ਪ੍ਰਤਾਪ ਪੰਥ ਰੀਤਿ ਏਸ ਸੋਂ ਝਰੈਂ।
ਪਰਸਾਦ ਭੇਟ ਲੇਕੇ ਗਯੇ ਜਬ ਗੁਰੂ ਦਵਾਰੇ।
ਮਿਲਕੇ ਪੁਜਾਰੀਓਂ ਨੇ ਕਹਿਓ ਐਸ ਹੂੰ ਖਰੈ।
ਤਾਲ ਪੱਕਾ ਕਰਵਾਇ, ਦੇਹੁ ਤਨਖਾਹਿ ਏਹੁ,
ਦਸਤਾਰ ਉਤਰੇ ਨ ਹਾਲ ਕਿਸੀ ਕੇ ਢਰੇ।

੧੯

ਕਹਿਓ ਰਾਮਸਿੰਘ ਉਤੇ ਬਾਤ ਨਾਹਿ ਬਾਤ ਮੋਤੇ,
ਦੇਹੁੰ ਤਨਖਾਹਿ ਕਿਛੁ ਜਥਾ ਜੋਗ ਜੇ ਰਹਯੋ।
ਹੁਤੇ ਗੁਰਦਵਾਰੇ ਤੇਖੂ ਸਾਹਿਬ ਕਾ ਜੋ ਮਹੰਤ,
ਮੰਗਲ ਸ੍ਰਿਗੋਸ ਤਾਂਹਿ ਪਰਖਬੇ ਕੋ ਯੋ ਫਹਯੋ।
ਧਾਰ ਹੈ ਨ ਕੂਕਾ ਕੋਊ ਕਬੀ ਨੀਲ ਰੰਗ ਅੰਗ,
ਨੀਲਾ ਸਿਰੇ ਪਾਊ ਰਾਮਸਿੰਘ ਆਗੇ ਲਯਾ ਧਰਯੋ;
ਯਦੀ ਤਾਂਹਿ ਸੋਊ ਨਿਜ ਸੀਸ ਪਰ ਧਾਰ ਲੀਓ,
ਤੋ ਭੀ ਨ ਪੁਜਾਰੀਓਂ ਨੇ ਇਤ-ਫਾਕ ਹੈ ਕਰਯੋ।

੨੦

ਐਸ ਹੀ ਅਨੰਦ ਪੁਰ ਗਯੇ ਜਬ ਰੋਰ ਰਹਾਯੇ,
ਸੰਮਤ ਉਨੀਸ ਬਾਈ ਤੇਈ ਮਧ ਚੰਗ ਹੈ।
ਦੀਪ ਮਾਲ ਚੌਬੀਸਾਲ ਹੂੰ ਕੀ ਪਰ ਸੁਧਾ ਸਰ,
ਆਇਓ ਹਾਕਮੋਂ ਨੇ ਕੀਤੀ ਖਾਤਰ ਸੁਰੰਗ ਹੈ।
ਉਤਰਿਓ ਬਾਹਿਰ ਚਾਟੀ ਪਿੰਡ ਦਰਵਾਜ਼ੇ ਹੂੰ ਤੇ;
ਬੀਸਕ ਹਜਾਰ ਕੂਕਾ ਸਿੰਘ ਬਯੋ ਸੰਗ ਹੈ।
ਪਰਸਾਦ ਭੇਟ ਲੈ ਅਪਾਰ ਜਬ ਦਰਬਾਰ,
ਆਇਓ ਤੌ ਪੁਜਾਰੀਓਂ ਨੇ ਕੀਨ ਯੌਂ ਕੁਢੰਗ ਹੈ।

੨੧

ਕੋਈ ਤੇ ਹਜਾਰੋਂ ਹੀ ਰੁਪਯਾ ਰਿਸਵਤ ਮਾਂਗੈਂ,
ਕੋਊ ਤਨਖਾਹਿ ਚਾਰ ਪਾਂਚ ਲਖ ਮੰਗ ਹੈਂ।
ਹੱ ਇਕੋ ਮਸਤ ਕੋਊ ਕੂਕਾ ਨ ਉਤਾਰੈ ਪਾਗ,
ਸਿਖ ਨ ਕਹਾਵੈਂ ਤੇਰੇ, ਧਾਰੇਂ ਨੀਲ ਰੰਗ ਹੈਂ।
ਕਹਯੋ ਰਾਮ ਸਿੰਘ,"ਏਹੁ ਬਾਤ ਸਭ ਗੁਰੂ ਵੱਸ,
ਸ਼ਕਤਿ ਨ ਮੋ ਮੈ ਏਤੀ ਫੇਰੋਂ ਮਨ ਢੰਗ ਹੈਂ।
ਤਨਖਾਹਿ ਆਹਿ ਸੋ ਮੈ ਚਕ਼ਰ ਬਿਧਾ ਜੋ ਕੋਊ,
ਲੇਹੁ ਦੰਡ ਵ ਹਿ ਕਰ ਸਹੀ ਸੋ ਨਿਸੰਗ ਹੈ।"

੨੨

ਬੀਤਿ ਤਕਰਾਰ ਇਨ ਬਾਤਨ ਤੇ ਭਾਖਿ ਜਬ,
ਬਡਤੀ ਨਿਹਾਰ ਕਾਰ, ਰਾਮ ਸਿੰਘ ਜੂ ਤਬੈ।
ਗੁਰੂ ਦਵਾਰੇ ਆਗੇ ਥਿਰ ਆਪ ਹੀ ਅਰਦਾਸ ਕਰ,
ਦੀਓ ਬਰਤਵਾਇ ਪਰਸਾਦ ਸਬ ਕੋ ਸਬੈ।
ਗਾਵਤੇ ਸਬਦ ਪ੍ਰਦੱਖਨਾ ਲੈ, ਗਏ ਡੇਰੇ,
ਐਸ ਹੀ ਨ੍ਰਿਮਲਯੋਂ ਕੇ ਸਾਥ ਬੀਨ ਦਿਨ ਹੈ ਅਬੈ।
ਪੰਥ ਦੂਧ ਮਾਹਿ ਕਾਂਜੀ ਡਾਰੀ ਹੈ ਪੁਜਾਰੀਓਂ ਨੇ,
ਮੇਲ ਹੋਨ ਦੇਤ ਨ ਸ਼ਰਣੀ ਮੰਦ ਯੋ ਕਬੈ।

੨੩

ਜਦੀਪ ਪੁਜਾਰੀ ਥੇ ਬਿਰੋਧੀ ਇਨ ਕੇਰ ਭਏ,
ਤੌ ਭੀ ਉਭੈ ਪੰਥ ਯੋ ਬਧਾਏ ਗੁਰੂ ਨੇ ਘਨੇ।
ਸੁਨੋ ਅਬ ਧਰਮ ਕੇ ਹੇਤ ਸਿਰ ਦੇਕੈ ਕੂਕੇ,
ਧਰਮੀ ਸਹੀਦਨ ਮੈਂ ਗਏ ਜਿਮ ਹੈਂ ਗਨੇ।
ਸੰਮਤ ਉਨੀਸ ਬੀਸ ਤੀਸ ਕੇ ਵਖਤ ਅਤਿ,
ਠੌਰ ਠੌਰ ਧੇਨੂ ਬਧ ਹੋਨ ਲਾਗੇ ਥੇ ਘਨੇ।

ਦੇਖ ਦੇਖ ਹਿੰਦੂ ਸਭ ਹੋਹਿ ਦੁਖਯਾਰੇ ਭਾਰੇ,
ਚਾਰਾ, ਜੋਰ ਸਰਕਾਰ ਸੰਗ ਕੋਊ ਨ ਬਨੈ।

੨੪

ਹਿੰਮਤ, ਕਮਰ ਬਾਂਧ ਨਾਮਧਾਰੀ ਸਿੰਘੋਂ ਤਬ,
ਬੁਚੜ ਬਿਦਾਰੈ ਹਤਿਆਰੇ ਬਹੁ ਠੌਰ ਮੈ।
ਸੁਧਾਸਰ ਆਦਿ ਠੋਰ ਔਰ ਹਿੰਦੂ ਨਾਮੀ ਗਾਮੀ,
ਅੰਗਰੇਜ਼ੋਂ ਗਹਿ ਕੇ ਦੁਖਯਾਰੇ ਕੀਨੇ ਜ਼ੋਰ ਮੈ।
ਦੇਨ ਲਾਗੇ ਫਾਂਸੀ ਜਬ ਆਇ ਖੁਦ ਕੂਕੇ ਤਬ;
ਕਾਤਲ ਸਬੂਤ ਆਪ ਥੀਏ ਸਬ ਤੌਰ ਪੈ।
ਖੁਸ਼ੀ ਹੋਇ ਸੀਸ; ਗਏ ਈਸ ਲੋਕ ਮਾਂਹਿ,
ਕੋਟਲੇ ਮਲੇਰ ਫੇਰ ਬਜੇ ਸਾਕਾ ਔਰ ਪੈ।

੨੫

ਕੂਕੇ ਸਿੰਘ ਸਾਠ ਕੋ ਨੈਂ; ਠਾਟ ਕੇ ਮਰਨ ਨਿਜ;
ਮਾਰ ਕੈ ਕਸਾਈਆਂ ਕੋ ਗਾਈਆਂ ਬਚਾਈਆਂ।
ਕੋਟਲੇ ਕੀ ਤੁਰਕਾਨੀ, ਤੇ ਪਥਾਨੀ ਫੌਜ ਸਬ,
ਸਿੰਘਨ ਸੇ ਡਰੀ, ਇਨੈ, ਮਾਰ ਕੋ ਹਟਾਈਆਂ।
ਫੌਜ ਪਟਿਆਲੇ ਨੇ ਬਿਸਾਲੇ ਜਾਇ ਦਗੇ ਸੰਗ,
ਕਸਮੇ ਉਠਾਇ ਲਯਾਇ ਦੀਏ ਪਕਰਾਈਆ।
ਉਡੇ ਸੋਊ ਤੋਪੋਂ ਆਗੇ, ਅਨੁਰਾਗੇ ਸਬਦੋਂ ਮੇ,
ਖੁਸੀ ਹੋਇ ਬਡਭਾਗੇ ਧਰਮ ਹਿਤਾਈਆਂ।

੨੬

ਸਰਦਾਰ, ਰਾਜੇ ਤੇ ਮੁਸਾਹਿਬ ਸਾਹਿਲ ਬਡੇ,
ਅਚਰਜ ਥੀਏ ਹੇਰ ਕਾਰ ਤਿਨ ਕੇਰ ਪੈ।
ਦੋਸ ਹੀਨ, ਉਸ ਸਮੇ ਰਾਮ ਸਿੰਘ ਕੋ ਸਗੁਨ,

ਭੇਜ ਦੀਓ ਅੰਗਰੇਜ਼ੈਂ ਖੂਬ ਸੋਚ ਫੇਰ ਪੈ ।
ਔਰ ਹੁਤੇ ਸੂਬੇ ਜੇਈ, ਕਹੁੰ ਕਹੁੰ ਭੇਜੇ ਤੇਈ,
ਜੋਰ ਤੋਰ ਦੀਓ ਏਸ ਪੰਥ ਕੋ ਬਧੇਰ ਪੈ ।
ਰਾਮ ਸਿੰਘ ਜੂ ਕੀ ਠੌਰ ਬੁਧ ਸਿੰਘ ਭਾਈ ਤਾਂਹਿ,
ਅਬ ਹੈ ਮਹੰਤ ਕੰਤ ਕੂਕਿਓਂ ਕਾ ਹੇਰ ਪੈ ।

੨੭

ਠਟਤ ਭਵਾਨੀ ਕੀ ਉਪਾਸਨਾ, ਪਠਤ ਬਾਨੀ,
ਵਾਹਿਗੁਰੂ ਵਾਹਿਗੁਰੂ ਰਟਤ ਅਮੂਕੇ ਹੈਂ ।
ਸੁਕਲ ਬਸਨ, ਮਾਲਾ, ਸੂਧੀ ਦਸਤਾਰ ਦਾਢੀ ;
ਕਰ ਹੈਂ ਹਮਨ, ਪਾਠ ਗ੍ਰੰਥ ਗੁਰੂ ਜੂ ਕੇ ਹੈਂ ।
ਦਸਮੇ ਗੁਰੂ ਕੇ ਸਿੰਘ, ਸਾਦਕ ਸਹੀ ਹੈ ਸਬ,
ਲਾਲਸਾ ਵਲਾਮ ਰਾਜ ਲੈਨੇ ਕੀ ਅਚੂਕੇ ਹੈਂ ।
ਹੋਰੇ ਜੈਸੇ ਲਖਨ ਹੈ, ਟੇਰ ਤੇਸੇ ਗਯਾਨ ਸਿੰਘ,
ਐਸੇ ਪਰਸਿਧ ਹੀ ਅਬਿਧ ਸਿਖ ਕੂਕੇ ਹੈਂ ।

੨੮

Palli & Co. Printers
Anardana Park, Patiala.

ਪੱਲੀ ਐਂਡ ਕੋ., ਜੌੜੀਆਂ ਭੱਠੀਆਂ ਪਟਿਆਲਾ ਤੋਂ ਛਪੀ ।